CFA FIRE RESCUE VICTORIA

cfa.vic.gov.au/languages



# ਕੀ ਮੇਰੇ ਵੱਲੋਂ ਗਰਮ (ਸੇਕ ਨਿਕਲਣ ਵਾਲੇ) ਕੰਮ ਕੀਤੇ ਜਾ ਸਕਦੇ ਹਨ?

**ਸਾਲ ਦੇ ਗਰਮ ਸਮਿਆਂ ਵਿੱਚ CFA ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਅੱਗ ਲੱਗਣ ਦੇ ਖ਼ਤਰੇ ਦੇ ਸਮਿਆਂ (Fire Danger Periods) ਦੀ ਘੋਸ਼ਣਾ ਕਰਦਾ ਹੈ। ਉਨ੍ਹਾਂ ਦਿਨਾਂ ਵਿੱਚ ਜਦੋਂ ਅੱਗ ਤੇਜ਼ੀ ਨਾਲ ਫ਼ੈਲ ਜਾਵੇਗੀ ਅਤੇ ਕਾਬੂ ਕਰਨਾ ਔਖਾ ਹੋ ਜਾਵੇਗਾ, ਇਸ ਬਾਰੇ ਪਾਬੰਦੀਆਂ ਲਾਗੂ ਹਨ ਕਿ ਤੁਸੀਂ ਕਿਹੜੇ ਕੰਮ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ ਹੋ।**

## ਕੀ ਮੈਂ ਗਰਮ ਕੰਮ ਦੀਆਂ ਗਤੀਵਿਧੀਆਂ ਕਰ ਸਕਦਾ ਹਾਂ?

### ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Periods)

ਅੱਗ ਲੱਗਣ ਦੇ ਖ਼ਤਰੇ ਦੇ ਸਮੇਂ ਦੌਰਾਨ (Fire Danger Period) ਬਾਹਰ ਸੇਕ ਵਾਲੇ ਕੰਮ ਜਿਵੇਂ ਕਿ ਵੈਲਡਿੰਗ, ਸੋਲਡਰਿੰਗ, ਪੀਸਣਾ, ਸਾੜ ਕੇ ਕਾਲਾ ਕਰਨਾ (ਚਾਰਿੰਗ), ਗੈਸ ਕਟਿੰਗ, ਰੇਲ ਦੀ ਮੁਰੰਮਤ, ਲੁੱਕ ਨੂੰ ਗਰਮ ਕਰਨਾ, ਸ਼ਹਿਦ ਦੀਆਂ ਮੱਖੀਆਂ ਲਈ ਧੂੰਏਂ ਜਾਂ ਗਰਮੀ ਦੀ ਵਰਤੋਂ ਕਰਦੇ ਹੋਏ ਸ਼ਹਿਦ ਕੱਢਣ ਦੀ ਇਜਾਜ਼ਤ ਨਹੀਂ ਹੈ ਜਦੋਂ ਤੱਕ:

- ਚੰਗਿਆੜੀਆਂ, ਗਰਮ ਧਾਤ ਜਾਂ ਸਲੈਗ ਨੂੰ ਰੋਕਣ ਲਈ ਅੱਗ-ਰੋਧਕ ਢਾਲ ਜਾਂ ਗਾਰਡ ਮੌਜੂਦ ਨਾ ਹੋਵੇ।
- ਅਜਿਹੇ ਕੰਮ ਤੋਂ ਘੱਟੋ-ਘੱਟ 1.5 ਮੀਟਰ ਦੀ ਦੂਰੀ ਦਾ ਖੇਤਰ ਓਨਾ ਵਸਤਾਂ ਤੋਂ ਖ਼ਾਲੀ ਨਾ ਹੋਵੇ ਜੋ ਸੜ ਸਕਦੀਆਂ ਹਨ ਜਾਂ ਅੱਗ ਨੂੰ ਫ਼ੈਲਣ ਤੋਂ ਰੋਕਣ ਲਈ ਕਾਫ਼ੀ ਗਿੱਲਾ ਨਹੀਂ ਕੀਤਾ ਜਾ ਸਕਦਾ ਹੈ।
- ਤੁਹਾਡੇ ਕੋਲ ਇੱਕ ਟੂਟੀ ਨਾਲ ਜੁੜੀ ਪਾਈਪ, ਇੱਕ ਪਾਣੀ ਦਾ ਅੱਗ ਬੁਝਾਉਣ ਵਾਲਾ ਯੰਤਰ ਜਾਂ ਇੱਕ ਪਿੱਠ ਵਾਲੀ ਢੋਲੀ ਨਹੀਂ ਹੈ ਜਿਸ ਵਿੱਚ ਘੱਟੋ-ਘੱਟ 9 ਲੀਟਰ ਪਾਣੀ ਹੈ।
- ਕੰਮ ਦੀਆਂ ਸਾਰੀਆਂ ਕੱਟੀਆਂ ਟੁਕੜੀਆਂ ਅਤੇ ਗਰਮ ਸਮੱਗਰੀਆਂ ਨੂੰ ਫਾਇਰ-ਪਰੂਫ ਕੰਟੇਨਰਾਂ ਵਿੱਚ ਰੱਖਿਆ ਜਾਂਦਾ ਹੈ।

### ਅੱਗ ਬਾਲਣ ‘ਤੇ ਪੂਰਨ ਪਾਬੰਦੀ ਦੇ ਦਿਨ (Total Fire Ban Days)

ਅੱਗ ਲਗਾਉਣ ‘ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days) ਦੌਰਾਨ, ਵੈਲਡਿੰਗ, ਪੀਸਣ, ਅਤੇ ਗਰਮ ਕੰਮ ਦੀਆਂ ਗਤੀਵਿਧੀਆਂ ਦੀ ਆਗਿਆ ਨਹੀਂ ਹੁੰਦੀ ਹੈ।

ਹੋ ਸਕਦਾ ਹੈ ਕਿ ਬਹੁਤ ਘੱਟ ਹਾਲਾਤਾਂ ਵਿੱਚ, ਅੱਗ ਲਗਾਉਣ ‘ਤੇ ਪੂਰਨ ਪਾਬੰਦੀ ਦੇ ਦਿਨਾਂ (Total Fire Ban Days) ਵਿੱਚ CFA, ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ (DEECA) ਜਾਂ ਫਾਇਰ ਰੈਸਕਿਊ ਵਿਕਟੋਰੀਆ (FRV) ਇਹਨਾਂ ਗਤੀਵਿਧੀਆਂ ਲਈ ਇੱਕ ਪਰਮਿਟ ਜਾਰੀ ਕਰਨ। ਜੇਕਰ ਤੁਹਾਡਾ ਕੰਮ ਜ਼ਰੂਰੀ ਹੈ ਅਤੇ ਇਸ ਵਿੱਚ ਦੇਰੀ ਨਹੀਂ ਕੀਤੀ ਜਾ ਸਕਦੀ, ਤਾਂ ਤੁਸੀਂ **cfa.vic.gov.au/languages** ‘ਤੇ ਪਰਮਿਟ ਲਈ ਅਰਜ਼ੀ ਦੇ ਸਕਦੇ ਹੋ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**